# ਪੰਜਾਬ ਲੋਕ ਸੇਵਾ ਕਮਿਸ਼ਨ

ਵਿਗਿਆਪਨ ਨੰ: **04**

**ਪੰਜਾਬ ਲੋਕ ਸੇਵਾ ਕਮਿਸ਼ਨ ਵੱਲੋਂ ਸਹਿਕਾਰਤਾ ਵਿਭਾਗ, ਪੰਜਾਬ ਲਈ ਆਡਿਟ ਅਫ਼ਸਰਾਂ ਦੀਆਂ 05 ਆਸਾਮੀਆਂ ਭਰਨ ਲਈ ਪਾਤਰ ਉਮੀਦਵਾਰਾਂ ਤੋਂ ਬਿਨੈ-ਪੱਤਰ ਫਾਰਮ ਮੰਗੇ ਜਾਂਦੇ ਹਨ ।**

**ਨੋਟ: ਇਹ ਵਿਗਿਆਪਨ ਸਰਕਾਰ ਪਾਸੋਂ ਪੱਤਰ ਨੰ: 61/4/07-ਸੀ-2 (2)/5486 ਮਿਤੀ 28-07-2011 ਅਤੇ ਨੰਬਰ 61/9/11-ਸੀ-2(2)/2078 ਮਿਤੀ 12/4/2012 ਰਾਹੀਂ ਪ੍ਰਾਪਤ ਹੋਏ ਮੰਗ ਪੱਤਰ ਅਨੁਸਾਰ ਇਸ ਸ਼ਰਤ ਅਧੀਨ ਵਿਗਿਆਪਤ ਕੀਤਾ ਜਾ ਰਿਹਾ ਹੈ ਕਿ ਇਸ ਵਿੱਚ ਸਰਕਾਰ ਵਲੋਂ ਕਿਸੇ ਸਮੇਂ ਕੋਈ ਵੀ ਸੋਧ/ਤਰਮੀਮ ਕੀਤੀ ਜਾ ਸਕਦੀ ਹੈ ।**

1. ਆਸਾਮੀਆਂ ਅਤੇ ਰਾਖਵਾਂਕਰਨ

| ਆਸਾਮੀ ਦਾ ਨਾਂ | ਆਸਾਮੀਆਂ ਦੀ ਗਿਣਤੀ | ਕੈਟਾਗਰੀਵਾਈਜ਼ | |
|---|---|---|---|
| ਆਡਿਟ ਅਫ਼ਸਰ | 05 | ਜਨਰਲ | 02 |
| | | ਅਨੁਸੂਚਿਤ ਜਾਤੀ, ਪੰਜਾਬ | 01 |
| | | ਪੱਛੜੀ ਸ਼੍ਰੇਣੀ ,ਪੰਜਾਬ | 01 |
| | | ਅੰਗਹੀਣ, ਪੰਜਾਬ | 01 |
| | | **ਕੁੱਲ ਜੋੜ** | **05** |

ਬਿਨੈ-ਪੱਤਰ ਫਾਰਮ ਵਿੱਚ ਉਮੀਦਵਾਰਾਂ ਵੱਲੋਂ ਸਪੱਸ਼ਟ ਤੌਰ ਤੇ ਦੱਸਿਆ ਜਾਵੇ ਕਿ ਉਹ ਕਿਸ ਰਾਖਵੀਂ ਸ਼੍ਰੇਣੀ ਵਿੱਚ ਵਿਚਾਰਿਆ ਜਾਣਾ ਚਾਹੁੰਦੇ ਹਨ । ਆਸਾਮੀਆਂ ਦੀ ਗਿਣਤੀ ਅਤੇ ਰਾਖਵੇਕਰਨ ਵਿੱਚ ਬਿਨ੍ਹਾਂ ਕਿਸੇ ਨੋਟਿਸ ਦੇ ਅਦਲਾ-ਬਦਲੀ ਕੀਤੀ ਜਾ ਸਕਦੀ ਹੈ ।

2. **ਤਨਖਾਹ ਸਕੇਲ** : ਰੁਪਏ 10300-34800 + ਗਰੇਡ ਪੇ 4400/-

3. **ESSENTIAL QUALIFICATIONS :-**

(i) Should possess degree of Chartered Accountants or M.Com. With Auditing and Accounts as one of the subject; or

(ii) Should possess M. Com. with Cost Accounts and should have an experience of auditing of Commercial Accounts for a minimum period of three years in a reputed firm or institution

(iii) Punjabi of Matric or its equivalent Standard.

ਇਹਨਾਂ ਆਸਾਮੀਆਂ ਲਈ ਪੰਜਾਬੀ ਦੀ ਯੋਗਤਾ ਜ਼ਰੂਰੀ ਹੈ, ਪ੍ਰੰਤੂ ਸਿੱਖ ਪ੍ਰਵਾਸੀਆਂ ਵਾਸਤੇ ਨੌਕਰੀ ਪ੍ਰਾਪਤ ਕਰਨ ਤੋਂ ਦੋ ਸਾਲ ਦੇ ਅੰਦਰ-ਅੰਦਰ ਪੰਜਾਬੀ ਦੀ ਯੋਗਤਾ ਹਾਸਲ ਕਰਨ ਦੀ ਛੋਟ ਹੈ, ਵਰਨਾ ਉਨ੍ਹਾਂ ਦੀਆਂ ਸੇਵਾਵਾਂ ਖਤਮ ਕਰ ਦਿੱਤੀਆਂ ਜਾਣਗੀਆਂ । ਇਸ ਮਕਸਦ ਲਈ ਦਸਵੀਂ **ਜਾਂ** ਇਸਦੇ ਬਰਾਬਰ ਦੀ ਪੰਜਾਬੀ ਪਾਸ ਕਰਨ ਦਾ ਸਰਟੀਫਿਕੇਟ ਜ਼ਰੂਰੀ ਹੋਵੇਗਾ ।

4 **ਉਮਰ :-**

(i) ਉਮੀਦਵਾਰ 1-1-2012 ਨੂੰ 18 ਸਾਲਾਂ ਤੋਂ ਘੱਟ ਅਤੇ 37 ਸਾਲਾਂ ਤੋਂ ਵੱਧ ਨਹੀਂ ਹੋਣਾ ਚਾਹੀਦਾ ।

(ii) ਭਾਰਤ ਸਰਕਾਰ, ਪੰਜਾਬ ਸਰਕਾਰ **ਜਾਂ** ਕੋਈ ਹੋਰ ਰਾਜ ਦੀ ਸਰਕਾਰ ਵਿਖੇ ਜੇ ਕੋਈ ਵਿਅਕਤੀ ਪਹਿਲਾਂ ਤੋ ਹੀ ਨੌਕਰੀ ਕਰ ਰਿਹਾ ਹੈ ਤਾਂ ਉਸ ਨੂੰ ਉਮਰ ਲਈ ਉਪਰਲੀ ਸੀਮਾ ਵਿਚ 47 ਸਾਲ ਤੱਕ ਛੋਟ ਮਿਲੇਗੀ ।

(iii) ਹਰ ਰਾਜ ਦੇ ਅਨੁਸੂਚਿਤ ਜਾਤੀ, ਅਨੁਸੂਚਿਤ ਕਬੀਲੇ, ਕੇਵਲ ਪੰਜਾਬ ਦੀਆਂ ਪੱਛੜੀਆਂ ਸ਼੍ਰੇਣੀਆਂ ਨਾਲ ਸਬੰਧ ਰੱਖਣ ਵਾਲਿਆਂ ਲਈ ਉਪਰਲੀ ਉਮਰ ਸੀਮਾ 42 ਸਾਲ ਹੋਵੇਗੀ ।

(iv) ਪੰਜਾਬ ਦੇ ਸਾਬਕਾ ਫੌਜੀ ਆਪਣੀ ਕੇਂਦਰ ਦੇ ਰੱਖਿਆਂ ਬਲਾਂ ਵਿਚ ਕੀਤੀ ਨੌਕਰੀ ਆਪਣੀ ਅਸਲ ਉਮਰ ਵਿੱਚੋ ਘਟਾ ਕੇ ਅਤੇ ਜੇ ਨਤੀਜਤਨ ਉਮਰ ਵਿੱਚ ਤਿੰਨ ਸਾਲ ਜਮ੍ਹਾਂ ਕਰਕੇ ਉਮਰ ਸੀਮਾ ਸੇਵਾ ਰੂਲਾਂ ਵਿਚ ਇਸ ਆਸਾਮੀ ਲਈ ਸਿੱਧੇ ਤੌਰ ਤੇ ਭਰਤੀ ਹੋਣ ਲਈ ਨਿਸ਼ਚਿਤ ਉਮਰ ਸੀਮਾ ਤੋਂ ਵੱਧ ਨਹੀ੍ਹ ਹੁੰਦੀ ਤਾਂ ਉਹ ਉਮਰ ਸੀਮਾ ਸਬੰਧੀ ਹਾਲਤ ਨੂੰ ਤਸੱਲੀਬਖਸ਼ ਸਮਝਿਆ ਜਾਵੇਗਾ ।

(v) ਵਿਧਵਾਵਾਂ, ਤਲਾਕਸੁਦਾ ਅਤੇ ਕੁਝ ਹੋਰ ਵਰਗ ਦੀਆਂ ਔਰਤਾਂ ਲਈ ਵੀ ਉਪਰਲੀ ਉਮਰ ਸੀਮਾ ਦੀ ਛੋਟ 42 ਸਾਲ ਤੱਕ ਹੋਵੇਗੀ ।

(vi) ਪੰਜਾਬ ਦੇ ਸਰੀਰਕ ਤੌਰ ਤੇ ਅੰਗਹੀਣ ਵਿਅਕਤੀ ਲਈ ਵੀ ਉਪਰਲੀ ਉਮਰ ਸੀਮਾ 47 ਸਾਲ ਤੱਕ ਹੋਵੇਗੀ ।

5. ਬਿਨੈ-ਪੱਤਰ ਨੂੰ ਜਮ੍ਹਾਂ ਕਰਵਾਉਣਾ :-

ਉਮੀਦਵਾਰ ਅਰਜ਼ੀ ਫਾਰਮ ਕਮਿਸ਼ਨ ਦੀ ਵੈਬਸਾਈਟ **www.ppsc.gov.in** ਤੋਂ **ਜਾਂ** ਉਮੀਦਵਾਰ ਨੂੰ ਅਰਜੀ ਫਾਰਮ ਪੰਜਾਬ ਲੋਕ ਸੇਵਾ ਕਮਿਸ਼ਨ, ਬਾਰਾਂਦਰੀ ਬਾਗ, ਪਟਿਆਲਾ ਮਿਤੀ **13/6/2012 ਤੋਂ** ਮਿਲੇਗਾ ਅਤੇ ਸਕੱਤਰ, ਪੰਜਾਬ ਲੋਕ ਸੇਵਾ ਕਮਿਸ਼ਨ, ਬਾਰਾਂਦਰੀ ਬਾਗ, ਪਟਿਆਲਾ ਵਿਖੇ ਮਿਤੀ **11/7/2012** ਤੱਕ ਜਾਂ ਇਸ ਤੋਂ ਪਹਿਲਾਂ ਜਮ੍ਹਾਂ ਕਰਵਾਉਣਾ ਹੋਵੇਗਾ ।

ਬਿਨੈ-ਪੱਤਰ ਫਾਰਮ ਗਲਤ ਤਰੀਕੇ ਨਾਲ ਭਰੇ ਹੋਏ **ਜਾਂ** ਅੱਧੇ ਭਰੇ ਹੋਏ **ਜਾਂ** ਲੇਟ ਪਹੁੰਚਣ **ਜਾਂ** ਦੱਸੀ ਗਈ ਫੀਸ, ਜਨਮ ਮਿਤੀ ਦੇ ਸਰਟੀਫਿਕੇਟ, ਡਿਗਰੀ, ਪੰਜਾਬੀ ਵਿੱਚੋਂ ਹਾਸਲ ਕੀਤੇ ਨੰਬਰਾਂ ਦਾ ਸਬੂਤ, ਤਜਰਬੇ ਹੋਰ ਲੋੜੀਂਦੇ ਸਰਟੀਫਿਕੇਟਾਂ ਅਤੇ ਤਿੰਨ ਇੱਕੋਂ ਜਿਹੀਆਂ (ਲੇਟੈਸਟ) ਤਸਦੀਕ ਕੀਤੀਆਂ ਪਾਸਪੋਰਟ ਸਾਈਜ਼ ਦੀਆਂ ਫੋਟੋਆਂ ਬਗੈਰ ਰੱਦ ਕਰ ਦਿੱਤੇ ਜਾਣਗੇ । ਇਸ ਸਬੰਧ ਵਿਚ ਕਮਿਸ਼ਨ ਦਾ ਫੈਸਲਾ ਅੰਤਿਮ ਹੋਵੇਗਾ ।

6. ਫੀਸ

(ੳ) ਉਮੀਦਵਾਰ ਫਾਰਮ ਭਰਨ ਲਈ ਬਿਨੈਪੱਤਰ ਫਾਰਮ ਵਿਸਤਰਿਤ ਹਦਾਇਤਾਂ ਸਮੇਤ ਸਕੱਤਰ, ਪੰਜਾਬ ਲੋਕ ਸੇਵਾ ਕਮਿਸ਼ਨ, ਬਾਰਾਂਦਰੀ ਬਾਗ, ਪਟਿਆਲਾ ਦੇ ਸੁਆਗਤੀ ਕਾਊਂਟਰ ਤੋਂ ਦਸਤੀ ਜਾਂ ਡਾਕ ਰਾਹੀਂ ਮਿਤੀ **13/6/2012** ਤੋਂ ਫਾਰਮ ਦੀ ਨਿਮਨਲਿਖਤ ਕੀਮਤ ਅਦਾ ਕਰਨ ਤੇ ਪ੍ਰਾਪਤ ਕਰ ਸਕਦੇ ਹਨ। ਡਾਕ ਰਾਹੀਂ ਬਿਨੈ-ਪੱਤਰ ਪ੍ਰਾਪਤ ਕਰਨ ਲਈ ਉਮੀਦਵਾਰ ਨੂੰ ਬੈਕ ਡਰਾਫ਼ਟ, ਸਕੱਤਰ, ਪੰਜਾਬ ਲੋਕ ਸੇਵਾ ਕਮਿਸ਼ਨ ਦੇ ਨਾਮ ਤੇ ਭੇਜਣਾ ਹੋਵੇਗਾ ਜੋ ਕਿ ਪਟਿਆਲਾ ਵਿਖੇ ਅਦਾਇਗੀ ਯੋਗ ਹੋਵੇ । ਉਮੀਦਵਾਰ ਬੈਂਕ ਡਰਾਫਟ ਦੇ ਪਿਛਲੇ ਪਾਸੇ ਆਪਣਾ ਨਾਮ ਅਤੇ ਪਤਾ ਵੱਡੇ ਅੱਖਰਾਂ ਵਿਚ ਜ਼ਰੂਰ ਲਿਖਣ ।

(ਅ) ਉਮੀਦਵਾਰ 24 cm. x 11 cm. ਦੇ ਦੋ ਲਿਫਾਫੇ ਜਿਸ ਤੇ ਆਪਣਾ ਪਤਾ ਅਤੇ 30/- ਰੁਪਏ ਦੀਆਂ ਟਿਕਟਾਂ ਲੱਗੀਆਂ ਹੋਣ ਅਤੇ ਖੱਬੇ ਪਾਸੇ ਸਿਖਰ ਤੇ ਆਸਾਮੀ ਦਾ ਨਾਮ ਲਿਖਿਆ ਹੋਵੇ ਜਰੂਰ ਭੇਜਣ ।

(1) ਬਿਨੈ-ਪੱਤਰ ਫਾਰਮ ਦੀ ਕੀਮਤ

| | | |
|---|---|---|
| ੳ. | ਸਵਾਗਤੀ ਕਾਊਂਟਰ ਤੋ ਨਗਦ | : 25/- ਰੁਪਏ |
| ਅ. | ਡਾਕ ਰਾਹੀਂ (ਬੈਕ ਡਰਾਫਟ ਰਾਹੀਂ) | : 75/-ਰੁਪਏ |

(2) ਫੀਸ

| | | |
|---|---|---|
| (1) | ਸਾਰਿਆਂ ਰਾਜਾਂ ਦੀਆਂ ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਕੇਵਲ ਪੰਜਾਬ ਦੀਆਂ ਪੱਛੜੀਆਂ ਸ਼੍ਰੇਣੀਆਂ ਲਈ | : 50/-ਰੁਪਏ |
| (2) | ਪੰਜਾਬ ਦੇ ਸਾਬਕਾ ਫੌਜੀਆਂ ਲਈ | : ਫੀਸ ਅਦਾ ਕਰਨ ਤੋ ਛੋਟ ਹੈ |
| (3) | ਹੋਰ ਸਾਰੇ ਵਰਗ (ਇਸ ਵਿੱਚ ਪੰਜਾਬ ਦੇ ਸਾਬਕਾ ਫੌਜੀਆਂ ਦੇ ਆਸ਼ਰਿਤ ਉਮੀਦਵਾਰ ਸ਼ਾਮਿਲ ਹਨ । | : 200/- ਰੁਪਏ |

ਫੀਸ ਮੁਆਫ਼ੀ ਲਈ ਹੱਕਦਾਰ ਉਮੀਦਵਾਰ ਆਪਣੇ ਬਿਨੈ-ਪੱਤਰ ਫਾਰਮ ਨਾਲ ਉਨ੍ਹਾਂ ਦੀ ਫੀਸ ਮੁਆਫ਼ੀ ਦੇ ਦਾਅਵੇ ਲਈ ਸਰਟੀਫਿਕੇਟ ਦੀ ਤਸਦੀਕਸ਼ੁਦਾ ਕਾਪੀ ਜ਼ਰੂਰ ਲਗਾਉਣ । ਜੋ ਉਮੀਦਵਾਰ ਅਜਿਹਾ ਸਰਟੀਫਿਕੇਟ ਨਹੀਂ ਲਗਾਉਣਗੇ ਉਹ ਕਿਸੇ ਵੀ ਹਾਲਤ ਵਿਚ ਫੀਸ ਮੁਆਫ਼ੀ ਦੇ ਹੱਕਦਾਰ ਨਹੀਂ ਹੋਣਗੇ ।

ਪਟਿਆਲਾ ਵਿਖੇ ਅਦਾਇਗੀ ਯੋਗ ਫੀਸ ਸਕੱਤਰ, ਪੰਜਾਬ ਲੋਕ ਸੇਵਾ ਕਮਿਸ਼ਨ ਦੇ ਨਾਂ ਤੇ ਅਸਲ ਕਰਾਸਡ ਬੈਂਕ ਡਰਾਫਟ ਰਾਹੀਂ ਬਿਨੈ-ਪੱਤਰ ਸਮੇਤ ਜਮ੍ਹਾਂ ਕਰਵਾਈ ਜਾਵੇ । ਵੈਲਿਡ ਬੈਂਕ ਡਰਾਫਟ ਤੋਂ ਬਿਨ੍ਹਾਂ **ਜਾਂ** ਘੱਟ ਫੀਸਾਂ ਵਾਲੇ ਬਿਨੈਪੱਤਰਾਂ ਨੂੰ ਰੱਦ ਕਰ ਦਿੱਤਾ ਜਾਵੇਗਾ । **ਇਹ ਫੀਸ ਮੋੜਨਯੋਗ ਨਹੀਂ ਹੈ** । ਉਮੀਦਵਾਰ ਆਪਣਾ ਨਾਮ ਅਤੇ ਪਤਾ ਬੈਂਕ ਡਰਾਫਟ ਦੇ ਪਿਛਲੇ ਪਾਸੇ ਵੱਡੇ ਅੱਖਰਾਂ ਵਿਚ ਜ਼ਰੂਰ ਲਿਖਣ ।

ਮਹੱਤਵਪੂਰਨ ਨੋਟ :-

(ੳ) ਬਿਨੈਪੱਤਰ ਭੇਜਣ ਵਾਲੇ ਕਿਸੇ ਵੀ ਰਾਖਵੀਂ ਸ਼੍ਰੇਣੀ ਦੇ ਚਾਹਵਾਨ ਉਮੀਦਵਾਰਾਂ ਨੂੰ ਚਾਹੀਦਾ ਹੈ ਕਿ ਉਹ ਅਨੁਸੂਚਿਤ ਜਾਤੀਆਂ ਪੰਜਾਬ, ਪੱਛੜੀ ਸ਼੍ਰੇਣੀਆਂ ਪੰਜਾਬ, ਸਾਬਕਾ ਫੌਜੀ/ਇਹਨਾਂ ਤੇ ਆਸ਼ਰਿਤ ਪੰਜਾਬ, ਅੰਗਹੀਣ ਪੰਜਾਬ, ਸੁਤੰਤਰਤਾ ਸੰਗਰਾਮੀ, ਪੰਜਾਬ ਅਤੇ ਖਿਡਾਰੀ, ਪੰਜਾਬ ਸਬੰਧੀ ਲੋੜੀਂਦਾ ਸਰਟੀਫਿਕੇਟ ਨਿਸ਼ਚਿਤ ਪ੍ਰੋਫਾਰਮੇ ਅਨੁਸਾਰ ਸਮੇਤ ਮੌਜੂਦਾ ਪੰਜਾਬ ਵਾਸੀ ਸਰਟੀਫਿਕੇਟ ਨੱਥੀ ਕਰਨ ।

(ਅ) ਸਰਕਾਰ ਦੇ ਪੱਤਰ ਨੰ: 10/9/2009-ਆਰ.ਸੀ.1/62 ਮਿਤੀ 08-1-2010 ਰਾਂਹੀਂ ਜਾਰੀ ਹਦਾਇਤਾਂ ਅਨੁਸਾਰ ਪੱਛੜੀ

ਸ਼੍ਰੇਣੀ ਨਾਲ ਸਬੰਧਤ ਉਮੀਦਵਾਰ ਨਿਸ਼ਚਿਤ ਪ੍ਰੋਫਾਰਮੇ ਤੇ ਪੱਛੜੀ ਸ਼੍ਰੇਣੀ ਦੇ ਸਰਟੀਫਿਕੇਟ ਤੋਂ ਇਲਾਵਾ ਅਰਜੀ ਫਾਰਮ ਨਾਲ ਇੱਕ ਘੋਸ਼ਣਾ-ਪੱਤਰ (ਡੈਕਲੇਅਰੇਸ਼ਨ) ਵੀ ਦੇਣਗੇ ਜਿਸ ਵਿੱਚ ਉਨ੍ਹਾਂ ਵੱਲੋਂ ਸਪੱਸ਼ਟ ਕੀਤਾ ਜਾਵੇਗਾ ਕਿ ਉਨ੍ਹਾਂ ਦੇ ਸਟੇਟਸ ਵਿੱਚ ਕੋਈ ਤਬਦੀਲੀ ਨਹੀਂ ਆਈ ਅਤੇ ਉਹ ਕਰੀਮੀਲੇਅਰ ਦੇ ਦਾਇਰੇ ਵਿੱਚ ਨਹੀਂ ਆਉਂਦੇ ।

(ੲ) ਬਿਨੈ-ਪੱਤਰ ਦੇ ਨਾਲ ਨੱਥੀ ਫੀਸ ਦਾ ਬੈਂਕ ਡਰਾਫਟ ਇਸ਼ਤਿਹਾਰ ਦੀ ਮਿਤੀ ਤੋਂ ਪਹਿਲਾਂ ਦਾ ਜਾਰੀ ਹੋਇਆ ਨਹੀਂ ਹੋਣਾ ਚਾਹੀਦਾ ।

(ਸ) ਕਿਸੇ ਵੀ ਹਾਲਤ ਵਿੱਚ ਇੱਕ ਵਾਰ **ਦਾਅਵਾ ਕੀਤੀ ਸ਼੍ਰੇਣੀ ਨੂੰ ਬਦਲਣ ਦੀ ਇਜਾਜ਼ਤ** ਨਹੀਂ ਹੋਵੇਗੀ ।

(ਹ) **ਬਿਨੈ-ਪੱਤਰ ਪ੍ਰਾਪਤ ਹੋਣ ਦੀ ਅੰਤਿਮ ਮਿਤੀ 11/7/2012 ਤੱਕ ਬਿਨੈਕਾਰ ਕੋਲ ਲੋੜੀਂਦੀਆਂ ਯੋਗਤਾਵਾਂ ਅਤੇ ਤਜਰਬਾ ਹੋਣਾ ਚਾਹੀਦਾ ਹੈ ।**

(ਕ) ਇੰਟਰਵਿਊ ਲਈ ਬੁਲਾਏ ਜਾਣ ਵਾਲੇ ਯੋਗ ਉਮੀਦਵਾਰਾਂ ਕੋਲ ਘੱਟੋ-ਘੱਟ ਨਿਸ਼ਚਿਤ ਜ਼ਰੂਰੀ ਯੋਗਤਾ ਹੋਣੀ ਚਾਹੀਦੀ ਹੈ । ਜਿੱਥੇ ਇਸ਼ਤਿਹਾਰ ਸਬੰਧੀ ਆਏ ਬਿਨੈ-ਪੱਤਰਾਂ ਦੀ ਗਿਣਤੀ ਬਹੁਤ ਜ਼ਿਆਦਾ ਹੋਵੇ ਅਤੇ ਕਮਿਸ਼ਨ ਲਈ ਸਾਰੇ ਉਮੀਦਵਾਰਾਂ ਦੀ ਇੰਟਰਵਿਊ ਲਈ ਜਾਣੀ ਸੰਭਵ ਨਾ ਹੋਵੇ ਤਾਂ ਕਮਿਸ਼ਨ ਇੰਟਰਵਿਊ ਲਈ ਸਾਰੇ ਉਮੀਦਵਾਰਾਂ ਦੀ ਵਿਦਿਅਕ ਯੋਗਤਾ/ ਵੱਧ ਨੰਬਰਾਂ **ਜਾਂ** ਸਕਰੀਨਿੰਗ ਟੈਸਟ ਰਾਹੀਂ ਉਮੀਦਵਾਰਾਂ ਦੀ ਗਿਣਤੀ ਘਟਾ ਸਕਦਾ ਹੈ ।

(ਖ) ਦੂਜੇ ਰਾਜਾਂ ਨਾਲ ਸਬੰਧਤ ਅਨੁਸੂਚਿਤ ਜਾਤੀ ਉਮੀਦਵਾਰ ਆਪਣਾ ਕੈਟਾਗਰੀ ਕੋਡ -71 (ਜਨਰਲ) ਭਰਨ।

**ਸਹੀ/-**
ਸਕੱਤਰ